# The Anti-Racism Observatory



ਸਕੌਟਲੈਂਡ ਇੱਕ ਨਵਾਂ ਢਾਂਚਾ ਅਪਨਾਉਣ ਜਾ ਰਿਹਾ ਹੈ – ਦਾ ਆਬਜ਼ਰਵੇਟਰੀ - ਸਕੌਟਿਸ਼ ਸਰਕਾਰ (Scottish Government) ਅਤੇ ਹੋਰ ਜਨਤਕ ਖੇਤਰ ਦੀਆਂ ਸੰਸਥਾਵਾਂ ਨੂੰ ਆਪਣੀ ਨਸਲਵਾਦ ਵਿਰੋਧੀ ਵਚਨਬੱਧਤਾ ਵਾਸਤੇ ਜ਼ਿੰਮੇਵਾਰ ਠਹਿਰਾਉਣ ਲਈ। ਆਬਜ਼ਰਵੇਟਰੀ ਇਸ ਬਾਰੇ ਸਥਾਨਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਹਾਰਤ ਸਬੰਧੀ ਮੇਜ਼ਬਾਨੀ ਕਰੇਗੀ ਕਿ ਨਸਲਵਾਦ ਕਿਵੇਂ ਕੰਮ ਕਰਦਾ ਹੈ। ਇਹ ਸਕੌਟਿਸ਼ ਸਰਕਾਰ ਨੂੰ ਬਰਕਰਾਰ ਰਹਿਣ ਯੋਗ ਨਸਲਵਾਦ ਵਿਰੋਧੀ ਨੀਤੀਆਂ ਅਤੇ ਵਿਹਾਰ ਮੁਹੱਈਆ ਕਰਨ ਵਿੱਚ ਮਦਦ ਕਰੇਗਾ। ਇਹ ਯਕੀਨੀ ਬਣਾਉਣ ਲਈ ਅਸੀਂ ਤੁਹਾਡੇ ਤੋਂ ਸੁਣਨਾ ਚਾਹਾਂਗੇ ਕਿ ਸਕੌਟਲੈਂਡ ਵਿੱਚ ਨਸਲਵਾਦ ਵਿਰੋਧੀ ਕਾਰਵਾਈਆਂ ਨਸਲਵਾਦ ਤੋਂ ਮਾੜੇ ਢੰਗ ਨਾਲ ਪ੍ਰਭਾਵਿਤ ਵਿਅਕਤੀਆਂ ਪ੍ਰਤੀ ਜਵਾਬਦੇਹ ਹੋਣ।

## ਅਸੀਂ ਅਜਿਹਾ ਹੁਣ ਕਿਉਂ ਕਰ ਰਹੇ ਹਾਂ?

ਕੋਵਿਡ-19 ਮਹਾਂਮਾਰੀ ਨੇ ਵਿਸ਼ਵ-ਵਿਆਪੀ ਪੱਧਰ 'ਤੇ ਨਸਲੀ ਨਾ-ਬਰਾਬਰੀ ਦੀ ਪੋਲ ਖੋਲ੍ਹੀ ਹੈ। ਸਕੌਟਿਸ਼ ਸਰਕਾਰ ਨੇ ਨਸਲੀ ਨਾ-ਬਰਾਬਰੀ ਨੂੰ ਨਜਿੱਠਣ ਲਈ ਆਪਣੀ ਵਚਨਬੱਧਤਾ ਨੂੰ ਵਧਾਇਆ ਹੈ, ਖਾਸ ਤੌਰ ’ਤੇ ਸਿਹਤ (ਦੇ ਖੇਤਰ) ਵਿੱਚ। ਸਕੌਟਿਸ਼ ਸਰਕਾਰ 2030 ਤੱਕ, ਇੱਕ ਨਿਰਪੱਖ, ਸਮਾਵੇਸ਼ੀ ਸਕੌਟਲੈਂਡ ਬਣਾਉਣ ਲਈ ਵਚਨਬੱਧ ਹੋਈ ਹੈ "ਜਿੱਥੇ ਹਰ ਕੋਈ ਘਰ ਵਰਗਾ ਮਹਿਸੂਸ ਕਰ ਸਕਦਾ ਹੈ"[1]।

[1] https://www.gov.scot/publications/fairer-scotland-action-plan/

# ਪਹਿਲਾਂ ਕੀ ਹੋਇਆ ਹੈ ਅਤੇ  ਇਸਨੇ ਕੰਮ ਕਿਉਂ ਨਹੀਂ ਕੀਤਾ?

ਸਕੌਟਲੈਂਡ ਵਿੱਚ 20 ਸਾਲਾਂ ਵਿੱਚ 817 ਵਚਨਬੱਧਤਾਵਾਂ ਅਤੇ ਕਾਰਵਾਈਆਂ[2] ਨਾਲ ਨਸਲੀ ਸਮਾਨਤਾ ਨਾਲ ਸਬੰਧਤ 39 ਨੀਤੀਆਂ ਬਣੀਆਂ ਹਨ। ਇਸ ਦੇ ਬਾਵਜੂਦ ਬਹੁਤ ਘੱਟ ਪ੍ਰਗਤੀ ਹੋਈ ਹੈ। ਜਿਵੇਂ ਕਿ ਇਸ ਡਾਇਗ੍ਰਾਮ ਰਾਹੀਂ ਦਿਖਾਇਆ ਜਾਂਦਾ ਹੈ, ਨਸਲੀ ਸਮਾਨਤਾ ਅਤੇ ਅਧਿਕਾਰਾਂ ਲਈ ਗੱਠਜੋੜ (CRER) ਵੱਲੋਂ ਹਾਲ ਹੀ ਵਿੱਚ ਕੀਤੇ ਕੰਮ ਨੇ ਇਹ ਦਿਖਾਇਆ ਹੈ ਕਿ ਇੱਕ ਕੁਚੱਕਰ ਹੈ ਜੋ ਪ੍ਰਗਤੀ ਨੂੰ ਰੋਕਦਾ ਹੈ।

**1.** ਸਭ ਤੋਂ ਪਹਿਲਾਂ, ਜਦੋਂ ਇੱਕ ਨਵੀਂ "ਨਸਲੀ ਸਮਾਨਤਾ" ਪਹਿਲਕਦਮੀ ਦਾ ਐਲਾਨ ਕੀਤਾ ਜਾਂਦਾ ਹੈ, ਇਹ ਬਹੁਤ ਜ਼ੋਰਦਾਰ ਪ੍ਰਚਾਰ ਦੇ ਨਾਲ ਆਉਂਦੀ ਹੈ, ਪਰ ਇਸ ਤੋਂ ਪਹਿਲਾਂ ਜੋ ਕੁਝ ਆਇਆ ਹੈ ਉਸ ਵੱਲ ਬਹੁਤ ਘੱਟ ਧਿਆਨ ਦਿੱਤਾ ਜਾਂਦਾ ਹੈ।

**2.** ਭਾਈਚਾਰਿਆਂ ਨੂੰ ਇਹ ਨਹੀਂ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦੀ ਰਾਏ ਬਾਰੇ ਕੀ ਕੀਤਾ ਗਿਆ ਹੈ ਅਤੇ ਅਕਸਰ ਉਨ੍ਹਾਂ ਨੂੰ ਫ਼ੈਸਲੇ ਲੈਣ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ।

**3.** ਇਸ ਲਈ, ਜਦੋਂ ਨਵੀਆਂ ਨੀਤੀਆਂ ਦੀ ਸ਼ੁਰੂਆਤ ਕੀਤੀ ਜਾਂਦੀ ਹੈ, ਉਹ ਅਢੁਕਵੀਆਂ ਕਾਰਵਾਈਆਂ ਕਰਕੇ ਨਾਕਾਮ ਹੋ ਜਾਂਦੀਆਂ ਹਨ।

CRER
coalition for racial
equality and rights

| | | |
|---|---|---|
| 1 | ਨਵੇਂ ਵਿਕਾਸ ਦਾ ਐਲਾਨ ਕੀਤਾ | ਸਾਕਾਰਾਤਮਕ ਭਾਸ਼ਣਬਾਜ਼ੀ |
| | | ਤਾਜ਼ਾ ਪ੍ਰਚਲਿਤ-ਸ਼ਬਦ |
| 2 | ਸਬੂਤ ਅਤੇ ਸ਼ਮੂਲੀਅਤ | ਪਹਿਲਾਂ ਵਾਲੇ ਮੁੱਦੇ |
| | | ਸਲਾਹ-ਮਸ਼ਵਰੇ ਦਾ ਥਕੇਵਾਂ |
| 3 | ਖਰੜੇ ਅਤੇ ਫ਼ੈਸਲੇ | ਸੰਸਥਾ ਦੇ ਏਜੰਡੇ ਲਈ ਮੁਆਫ਼ਕ ਚੋਣਵੇਂ ਸਬੂਤ ਨੂੰ ਹੀ ਪੇਸ਼ਕਸ਼ ਕੀਤਾ ਗਿਆ |
| 4 | ਸ਼ੁਰੂਆਤ | ਹਿੱਤ ਦੀਆਂ ਸਿਖਰਾਂ! |
| 5 | ਪਤਨ | ਕਾਰਵਾਈਆਂ ਦਾ ਨਾਕਾਮ ਹੋਣਾ - ਉਹ ਗ਼ਲਤ ਸਨ |
| | | ਸਟਾਫ ਜਾਂ ਲੀਡਰਸ਼ਿਪ ਦਾ ਬਦਲਨਾ |
| | | ਤਰਜੀਹਾਂ ਦਾ ਬਦਲਨਾ |

[2] https://www.gov.scot/publications/crer-anti-racist-policy-making-scotland-review-summary/

ਇਸ ਨਾਕਾਮੀ ਲਈ ਕੋਈ ਜਵਾਬਦੇਹੀ ਨਹੀਂ ਹੈ ਕਿਉਂਕਿ ਇਨ੍ਹਾਂ ਨੀਤੀਆਂ ਨੂੰ ਪਹੁੰਚਾਉਣ ਵਾਲੇ ਵਿਅਕਤੀਆਂ ਵਿੱਚ ਨਿਰੰਤਰਤਾ ਦੀ ਘਾਟ ਹੈ, ਅਤੇ ਰਾਜਨੀਤਕ ਤਰਜੀਹਾਂ ਬਦਲਦੀਆਂ ਰਹਿੰਦੀਆਂ ਹਨ।

# ਆਬਜ਼ਰਵੇਟਰੀ ਕਿਵੇਂ ਵੱਖਰੀ ਹੋਵੇਗੀ?

ਨਸਲਵਾਦ ਤੋਂ ਪ੍ਰਭਾਵਿਤ ਭਾਈਚਾਰਿਆਂ ਲਈ ਅਸਲ, ਲੰਬੇ ਸਮੇਂ ਦੀ ਤਬਦੀਲੀ ਕਰਨ ਲਈ, ਆਬਜ਼ਰਵੇਟਰੀ:

1. **ਨਸਲਵਾਦ-ਵਿਰੋਧਤਾ ਨੂੰ ਅਮਲ ਵਿੱਚ ਲਿਆਏਗੀ:** ਸਾਨੂੰ ਲਾਜ਼ਮੀ ਤੌਰ ’ਤੇ ਉਨ੍ਹਾਂ ਪ੍ਰਕਿਰਿਆਵਾਂ ਨੂੰ ਸਰਗਰਮੀ ਨਾਲ ਰੋਕਣਾ ਚਾਹੀਦਾ ਹੈ ਜਿਨ੍ਹਾਂ ਰਾਹੀਂ ਨਸਲਵਾਦ ਨੂੰ ਸਾਡੀਆਂ ਵਿਵਸਥਾਵਾਂ ਅਤੇ ਸੰਸਥਾਵਾਂ ਵਿੱਚ ਧੁਰ-ਅੰਦਰ ਤੱਕ ਸ਼ਾਮਲ ਕੀਤਾ ਜਾਂਦਾ ਹੈ ਅਤੇ ਮਜ਼ਬੂਤ ਕੀਤਾ ਜਾਂਦਾ ਹੈ (ਮਿਸਾਲ ਲਈ ਸੰਸਥਾਵਾਂ, ਸਕੂਲਾਂ ਅਤੇ NHS ਸਮੇਤ ਜਨਤਕ ਸੇਵਾਵਾਂ, ਅਤੇ ਸਕੌਟਿਸ਼ ਸਰਕਾਰ)।
2. **ਭਾਈਚਾਰਿਆਂ ਦੀ ਅਗਵਾਈ ਕਰਨ ਵਾਲੀ ਹੋਵੇਗੀ:** ਨਸਲਵਾਦ ਤੋਂ ਪ੍ਰਭਾਵਿਤ ਭਾਈਚਾਰਿਆਂ ਦੇ ਨਾਮ 'ਤੇ ਬਣਾਈਆਂ ਗਈਆਂ ਨੀਤੀਆਂ ਦੀ ਅਗਵਾਈ ਉਨ੍ਹਾਂ ਵੱਲੋਂ ਹੀ ਕੀਤੀ ਜਾਣੀ ਚਾਹੀਦੀ ਹੈ।
3. **ਭਾਈਚਾਰਿਆਂ ਪ੍ਰਤੀ ਜਵਾਬਦੇਹੀ ਨੂੰ ਪ੍ਰੋਤਸਾਹਿਤ ਕਰੇਗੀ:** ਸਰਕਾਰ ਨੂੰ ਇਸ ਬਾਰੇ ਨਜ਼ਰ ਰੱਖਣੀ ਚਾਹੀਦੀ ਹੈ ਕਿ ਇਸ ਤੋਂ ਪਹਿਲਾਂ ਕੀ ਹੋ ਚੁੱਕਾ ਹੈ, ਨਸਲਵਾਦ ਵਿਰੋਧੀ ਨੀਤੀਆਂ ਨੂੰ ਲਾਗੂ ਕਰਨ ਦੀ ਨਿਗਰਾਨੀ ਕਰਨੀ ਚਾਹੀਦੀ ਹੈ, ਅਤੇ ਨਸਲਵਾਦ ਤੋਂ ਪ੍ਰਭਾਵਿਤ ਭਾਈਚਾਰਿਆਂ ਨੂੰ ਕੀਤੀ ਗਈ ਪ੍ਰਗਤੀ ਬਾਰੇ ਸੂਚਿਤ ਕਰਨਾ ਚਾਹੀਦਾ ਹੈ।
4. **ਨਸਲਵਾਦ ਤੋਂ ਪ੍ਰਭਾਵਿਤ ਭਾਈਚਾਰਿਆਂ ਦੀ ਰੱਖਿਆ ਕਰੇਗੀ:** ਨਸਲਵਾਦ ਤੋਂ ਪ੍ਰਭਾਵਿਤ ਭਾਈਚਾਰਿਆਂ ਲਈ ਨਸਲਵਾਦ ਵਿਰੋਧੀ ਨੀਤੀਆਂ ਬਣਾਉਣ ਲਈ ਸੁਰੱਖਿਅਤ ਥਾਵਾਂ ਬਣਾਉਣੀਆਂ ਚਾਹੀਦੀਆਂ ਹਨ।

# ਆਬਜ਼ਰਵੇਟਰੀ ਕੀ ਕਰੇਗੀ?

ਆਬਜ਼ਰਵੇਟਰੀ ਲਈ ਹੇਠਾਂ ਦਿੱਤੇ ਕੰਮਾਂ ਦੀ ਤਜਵੀਜ਼ ਕੀਤੀ ਗਈ ਹੈ। ਹਾਲਾਂਕਿ, ਇਹ ਇੱਕ ਚੱਲ ਰਿਹਾ ਕੰਮ ਹੈ, ਅਤੇ ਅਸੀਂ ਇਸ ਬਾਰੇ ਤੁਹਾਡੇ ਤੋਂ ਸੁਣਨਾ ਚਾਹਾਂਗੇ। ਇਸ ਪ੍ਰਕਿਰਿਆ ਵਿੱਚ ਸਹਿ-ਤਿਆਰੀ (ਕੋ-ਡਿਜ਼ਾਇਨ) ਸ਼ਾਮਲ ਹੈ, ਜੋ ਲੋਕਾਂ ਨਾਲ ਆਬਜ਼ਰਵੇਟਰੀ ਨੂੰ ਤਿਆਰ ਕਰ ਰਹੀ ਹੈ, ਤਾਂ ਜੋ ਆਬਜ਼ਰਵੇਟਰੀ ਦੇ ਕਾਰਜ ਇੱਥੇ ਤਜਵੀਜ਼ ਕੀਤੇ ਕਾਰਜਾਂ ਨਾਲੋਂ ਵੱਖਰੇ ਹੋ ਸਕਣ:

1. ਨਸਲਵਾਦ ਅਤੇ ਨਸਲਵਾਦ ਵਿਰੋਧੀ ਪਿਛਲੇ ਅਤੇ ਚੱਲ ਰਹੇ ਕੰਮ ਦੀ ਯੋਜਨਾ ਉਲੀਕਣੀ ਅਤੇ ਮਾਰਗਦਰਸ਼ਨ ਕਰਨਾ ਤਾਂ ਜੋ ਅਸੀਂ ਨਜ਼ਰ ਰੱਖ ਸਕੀਏ। ਜਨਤਕ ਤੌਰ 'ਤੇ ਉਪਲਬਧ ਇਸ ਪਰਸਪਰ-ਪ੍ਰਭਾਵ ਵਾਲੀ ਯੋਜਨਾ ਵਿੱਚ ਸਿਹਤ 'ਤੇ ਕੀਤੇ ਜਾ ਰਹੇ ਕੰਮ ਦੇ ਨਾਲ-ਨਾਲ ਭਾਈਚਾਰਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਆਰਥਿਕ, ਇਤਿਹਾਸਕ, ਸੱਭਿਆਚਾਰਕ ਅਤੇ ਰਾਜਨੀਤਕ ਕਾਰਕ ਸ਼ਾਮਲ ਹੋਣਗੇ।
2. ਜਨਤਕ ਅਤੇ ਨਿੱਜੀ ਖੇਤਰ ਤੋਂ ਨਸਲਵਾਦ ਅਤੇ ਨਸਲਵਾਦ ਵਿਰੋਧੀ ਡੇਟਾ ਦਾ ਵਿਸ਼ਲੇਸ਼ਣ ਕਰਨਾ।
    - ਆਬਜ਼ਰਵੇਟਰੀ ਨਸਲਵਾਦ-ਵਿਰੋਧਤਾ ਨੂੰ ਉਤਸ਼ਾਹਿਤ ਕਰਨ ਲਈ ਡੇਟਾ ਦੀ ਵਰਤੋਂ ਕਰਨ ਬਾਰੇ ਚੰਗੇ ਵਿਹਾਰ ਤਿਆਰ ਕਰੇਗੀ।
3. ਸਕੌਟਿਸ਼ ਸਰਕਾਰ ਨੂੰ ਜਨਤਕ ਖੇਤਰ ਵਿੱਚ ਨਸਲਵਾਦ-ਵਿਰੋਧਤਾ ਲਈ ਜਵਾਬਦੇਹ ਬਣਾਉਣਾ, ਮਿਸਾਲ ਲਈ:
    - ਸੰਸਥਾਵਾਂ ਨੂੰ ਆਪਣੀਆਂ ਨਸਲਵਾਦ ਵਿਰੋਧੀ ਕਾਰਵਾਈਆਂ ਨੂੰ ਅੰਜਾਮ ਦੇਣ ਬਾਰੇ ਨਿਰੀਖਣ ਲਈ ਉਪਾਅ ਵਿਕਸਤ ਕਰਨੇ ਚਾਹੀਦੇ ਹਨ।
    - ਸੰਸਥਾਵਾਂ ਨੂੰ ਨਸਲਵਾਦ ਬਾਰੇ ਡੇਟਾ ਵਿੱਚ ਅੰਤਰ ਦਾ, ਇਨ੍ਹਾਂ ਅੰਤਰਾਂ ਦੇ ਨਤੀਜਿਆਂ ਦਾ ਅਤੇ ਇਸ ਬਾਰੇ ਮੁਲਾਂਕਣ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਉੱਤੇ ਕਿਵੇਂ ਕਾਬੂ ਪਾਇਆ ਜਾ ਸਕਦਾ ਹੈ।
4. ਨਸਲਵਾਦ ਤੋਂ ਮਾੜੇ ਢੰਗ ਨਾਲ ਪ੍ਰਭਾਵਿਤ ਲੋਕਾਂ ਅਤੇ ਸੰਸਥਾਵਾਂ ਦਰਮਿਆਨ ਸਹਿਯੋਗ ਨੂੰ ਉਤਸ਼ਾਹਿਤ ਕਰਨਾ।
5. ਨਸਲਵਾਦ ਤੋਂ ਮਾੜੇ ਢੰਗ ਨਾਲ ਪ੍ਰਭਾਵਿਤ ਵਿਅਕਤੀਆਂ ਨਾਲ ਨਸਲ-ਵਿਰੋਧੀ ਨੀਤੀਆਂ ਅਤੇ ਵਿਹਾਰਾਂ ਦੀ ਸਹਿ-ਤਿਆਰੀ ਲਈ ਪੁਰ-ਜ਼ੋਰ ਸਹਯੋਗ ਦੇਣਾ।

ਅਸੀਂ ਤੁਹਾਡੇ ਤੋਂ ਆਬਜ਼ਰਵੇਟਰੀ ਬਾਰੇ ਤੁਹਾਡੇ ਵਿਚਾਰ ਸੁਣਨਾ ਪਸੰਦ ਕਰਾਂਗੇ, ਅਤੇ ਇਹ ਕਿ ਸਕੌਟਲੈਂਡ ਵਿੱਚ ਤਬਦੀਲੀ ਲਿਆਉਣ ਦੀ ਨੀਤੀ ਅਤੇ ਵਿਹਾਰ ਲਈ ਇਹ ਕਿਵੇਂ ਸਭ ਤੋਂ ਵਧੀਆ ਕੰਮ ਕਰ ਸਕਦੀ ਹੈ। ਕਿਰਪਾ ਕਰਕੇ 2-ਮਿੰਟ ਦੇ ਸਰਵੇਖਣ ਨੂੰ ਪੂਰਾ ਕਰਨ ਲਈ ਆਪਣੇ ਫ਼ੋਨ ਨਾਲ QR ਕੋਡ ਨੂੰ ਸਕੈਨ ਕਰੋ।

## ਜ਼ਿਆਦਾ ਜਾਣਕਾਰੀ ਲੈਣ ਲਈ, ਤੁਸੀਂ ਸਾਨੂੰ

iggantiracism@gmail.com

